# ਦਫ਼ਤਰ ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ ਲੋਕ ਨਿਰਮਾਣ ਮੰਡਲ ਪਟਿਆਲਾ

ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਸਰਹਿੰਦ ਰੋਡ, ਪਟਿਆਲਾ, ਫੋਨ ਨੰ: 0175-2363935, ਈ.ਮੇਲ : xenprdpatiala@yahoo.in

ਵੱਲ

ਪ੍ਰਿੰਸੀਪਲ,
ਮਾਡਰਨ ਸੀਨੀਅਰ ਸੈਕੰਡਰੀ ਸਕੂਲ
ਜੀ.ਡੀ.ਐਨ.ਐਸ ਰੋਡ, ਪਟਿਆਲਾ।
ਮੀਮੋ ਨੰ: ਪਰਡ/ਪ/2024/ 1879 ਮਿਤੀ: 19/4/24

ਵਿਸ਼ਾ: ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸੰਬਧੀ।

ਹਵਾਲਾ: ਆਪ ਦੀ ਪ੍ਰਤੀ ਬੇਨਤੀ ਮਿਤੀ 03/04/2024

ਆਪ ਜੀ ਦੇ ਸਕੂਲ ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਆਪ ਜੀ ਵੱਲੋਂ ਦਿੱਤੀ ਗਈ ਪ੍ਰਤੀ ਬੇਨਤੀ ਦੇ ਆਧਾਰ ਤੇ ਅਤੇ ਆਪ ਵੱਲੋਂ ਪੇਸ਼ ਕੀਤੇ ਗਏ ਨਕਸ਼ੇ ਅਤੇ ਸਬੰਧਤ ਉਪ ਮੰਡਲ ਅਫਸਰ (ਪਰ) ਪਟਿਆਲਾ ਵੱਲੋਂ ਪੱਤਰ ਨੰ. 310 ਮਿਤੀ 15/04/2024 ਰਾਹੀਂ ਕੀਤੀ ਸਿਫਾਰਿਸ਼ ਅਨੁਸਾਰ ਕਿ ਬਿਲਡਿੰਗ ਵੇਖਣ ਨੂੰ ਸੁਰੱਖਿਅਤ ਜਾਪਦੀ ਹੈ ਅਤੇ ਇਹ ਇਮਾਰਤ ਵਰਤਣ ਯੋਗ ਹੈ, ਦੇ ਆਧਾਰ ਤੇ ਮਿਤੀ 31/03/2025 ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ ਕਿ:-

1) ਆਪ ਇਸ ਸਮੇ ਦੌਰਾਨ ਇਸ ਬਿਲਡਿੰਗ ਦੇ ਪੇਸ਼ ਕੀਤੇ ਨਕਸ਼ੇ ਵਿੱਚ ਕੋਈ ਵਾਧਾ ਜਾਂ ਤਰਮੀਮ ਨਹੀਂ ਕਰੋਂਗੇ। ਜੇਕਰ ਆਪ ਦੀ ਸੰਸਥਾ ਵੱਲੋਂ ਅਜਿਹਾ ਕੀਤਾ ਗਿਆ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ ਅਤੇ ਆਪ ਨੂੰ ਨਵਾਂ ਸਕੂਲ ਸਰਟੀਫਿਕੇਟ ਜਾਰੀ ਕਰਵਾਉਣ ਹਿੱਤ ਦੁਬਾਰਾ ਤੋਂ ਅਪਲਾਈ ਕਰਨਾ ਹੋਵੇਗਾ।
2) ਜੇਕਰ ਆਪ ਵੱਲੋਂ ਇਸ ਬਿਲਡਿੰਗ ਵਿੱਚ ਕਿਸੇ ਕਿਸਮ ਦਾ ਵਾਧਾ ਜਾਂ ਤਰਮੀਮ ਕੀਤਾ ਜਾਂਦਾ ਹੈ ਤਾਂ ਇਹ ਕਿਸੇ ਸਰਟੀਫਾਇਡ ਇੰਜੀਨੀਅਰ ਦੀ ਦੇਖ-ਰੇਖ ਵਿੱਚ ਅਤੇ ਇਸ ਦਫਤਰ ਨੂੰ ਸੂਚਨਾ ਦਿੰਦਿਆਂ ਹੋਇਆ ਕਰਵਾਇਆ ਜਾਵੇ। ਵਾਧਾ ਮੁਕੰਮਲ ਹੋਣ ਉਪਰੰਤ ਆਪ ਇਹ ਸਰਟੀਫਿਕੇਟ ਦੁਬਾਰਾ ਤੋਂ ਜਾਰੀ ਕਰਵਾਉਗੇ।
3) ਜੇਕਰ ਕਿਸੇ ਕੁਦਰਤੀ ਕਾਰਨਾਂ ਕਰਕੇ ਇਸ ਇਮਾਰਤ ਨੂੰ ਕਿਸੇ ਕਿਸਮ ਦਾ ਨੁਕਾਸਨ ਪਹੁੰਚਦਾ ਹੈ ਤਾਂ ਇਸ ਦਫਤਰ ਨੂੰ ਫੌਰੀ ਤੌਰ ਤੇ ਸੂਚਨਾ ਦਿੱਤੀ ਜਾਵੇ ਜੀ।
4) ਇਹ ਸਰਟੀਫਿਕੇਟ ਮਿਤੀ 31-03-2025 ਤੱਕ ਹੀ ਵੈਲਿਡ ਹੋਵੇਗਾ।
5) ਸੜਕ ਤੋਂ ਸਕੂਲ ਤੱਕ ਅਤੇ ਸੜਕ ਕਰਾਸਿੰਗ ਲਈ ਲੋੜੀਂਦੇ ਪ੍ਰਬੰਧ ਸਹੀ ਢੰਗ ਨਾਲ ਕੀਤੇ ਜਾਣ ਅਤੇ ਲੋੜੀਂਦੇ ਨਿਸ਼ਾਨ ਚਿੰਨ ਅਤੇ ਨਿਸ਼ਾਨ ਬੋਰਡ ਆਪਣੇ ਪੱਧਰ ਤੇ ਲਗਾਏ ਜਾਣੇ ਯਕੀਨੀ ਬਣਾਏ ਜਾਣ।
6) ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਜਾਰੀ ਸਕੂਲ ਬੱਸਾਂ ਵਿੱਚ ਸੁਰੱਖਿਆ ਸਬੰਧੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
7) ਪਾਰਕਿੰਗ ਲਈ ਇੰਤਜ਼ਾਮ ਸਕੂਲ ਅਥਾਰਟੀ ਆਪਣੇ ਪੱਧਰ ਤੇ ਕਰੇਗੀ, ਜਿਸ ਨਾਲ ਪਬਲਿਕ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਆਉਣੀ ਚਾਹੀਦੀ ਹੈ।

ਕਾਰਜਕਾਰੀ ਇੰਜੀਨੀਅਰ,
ਪੰਚਾਇਤੀ ਰਾਜ ਲੋਕ ਨਿਰਮਾਣ ਮੰਡਲ,
ਪਟਿਆਲਾ।